# ਮਾਡਲ ਟੈਸਟ ਪੇਪਰ
# ਕਲਾਸ– XII
# ਵਿਸ਼ਾ – ਰਾਜਨੀਤੀ ਸ਼ਾਸਤਰ
# ਸਮੈਸਟਰ – II

**ਸਮਾਂ : 3 ਘੰਟੇ** **ਕੁਲ ਅੰਕ : 100**

**ਨੋਟ :** (i) ਭਾਗ–ੳ ਦੇ 25 ਅੰਕ ਹਨ।
(ii) ਭਾਗ–ਅ ਦੇ 45 ਅੰਕ ਹਨ।
(iii) ਭਾਗ–ੲ ਦੇ 30 ਅੰਕ ਹਨ।

## ਭਾਗ–ੳ ਅੰਕ : 20

ਨੋਟ : (i) ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ।
(ii) ਹਰ ਇਕ ਪ੍ਰਸ਼ਨ ਦਾ ਉੱਤਰ ਇਕ ਲਾਈਨ ਵਿਚ ਦਿਓ।
(iii) ਹਰ ਇਕ ਪ੍ਰਸ਼ਨ ਦਾ ਇਕ ਅੰਕ ਹੋਵੇਗਾ।

1. ਰਾਜਨੀਤਿਕ ਪ੍ਰਣਾਲੀ ਦੇ ਕਿਹੜੇ ਨਿਕਾਸ ਕੰਮ ਹਨ ? 1
2. ਤੁਲਨਾਤਮਕ ਰਾਜਨੀਤੀ ਦੇ ਵਿਸ਼ੇ ਖੇਤਰ ਦਾ ਕੋਈ ਇਕ ਮੁੱਖ ਵਿਸ਼ਾ ਲਿਖੋ। 1
3. ਚੰਗੀ ਨੌਕਰਸ਼ਾਹੀ ਦਾ ਇਕ ਮੁੱਖ ਕੰਮ ਲਿਖੋ। 1
4. ਇਸਤਰੀ ਮੱਤ ਅਧਿਕਾਰ ਦੇ ਹੱਕ ਵਿਚ ਕੋਈ ਇਕ ਦਲੀਲ ਦਿਓ। 1
5. ਘੱਟ ਗਿਣਤੀਆਂ ਦੀ ਪ੍ਰਤੀਨਿਧਤਾ ਤੋਂ ਕੀ ਭਾਵ ਹੈ ? 1
6. ਭਾਰਤ ਵਿਚ ਮਤਦਾਨ ਵਿਹਾਰ ਨੂੰ ਪ੍ਰਭਾਵਤ ਕਰਨ ਵਾਲਾ ਕੋਈ ਇਕ ਤੱਤ ਲਿਖੋ। 1
7. ਚੋਣ ਆਯੋਗ (ਕਮਿਸ਼ਨ) ਦੇ ਕਿੰਨੇ ਮੈਂਬਰ ਹਨ ? 1
8. ਭਾਰਤ ਵਿਚ ਰਾਸ਼ਟਰੀ ਏਕੀਕਰਣ ਦੇ ਕਿਸੇ ਇਕ ਪਹਿਲੂ ਬਾਰੇ ਲਿਖੋ। 1
9. ਪੰਚਸ਼ੀਲ ਬਾਰੇ ਚੀਨ ਦੀ ਕੀ ਭੂਮਿਕਾ ਹੈ ? 1
10. ਨਿਸ਼ਸਤੀਕਰਨ ਤੋਂ ਤੁਹਾਡਾ ਕੀ ਭਾਵ ਹੈ ? 1
11. ਦਵੰਦਵਾਦ ਕਿਸ ਭਾਸ਼ਾ ਦੇ ਕਿਹੜੇ ਸ਼ਬਦ ਤੋਂ ਲਿਆ ਗਿਆ ਹੈ ? 1
12. ਗਾਂਧੀ ਜੀ ਕਿਸ ਵਿਦਵਾਨ ਨੂੰ ਆਪਣਾ ਰਾਜਨੀਤਿਕ ਗੁਰੂ ਮੰਨਦੇ ਸਨ ? 1
13. ਸਵਸਥ ਲੋਕ ਮਤ ਦੇ ਨਿਰਮਾਣ ਦੇ ਰਸਤੇ ਵਿਚ ਕੋਈ ਦੋ ਰੁਕਾਵਟਾਂ ਲਿਖੋ। 1
14. ਬਹੁ ਦਲ ਪ੍ਰਣਾਲੀ ਦਾ ਕੀ ਅਰਥ ਹੈ ? 1
15. ਸ਼ਾਸਕ ਦਲ ਕਿਸ ਨੂੰ ਕਿਹਾ ਜਾਂਦਾ ਹੈ ? 1
16. ਸਮਾਜਿਕ ਅਸਮਾਨਤਾ ਭਾਰਤੀ ਲੋਕਤੰਤਰ ਲਈ ਕਿਸ ਤਰ੍ਹਾਂ ਸਮੱਸਿਆ ਹੈ ? 1
17. ਭਾਰਤ ਵਿਚ ਅਨਪੜ੍ਹਤਾ ਦਾ ਮੁੱਖ ਕਾਰਨ ਕੀ ਹੈ ? 1
18. ਖੇਤਰਵਾਦ ਦੇ ਕਿਹੜੇ ਦੋ ਪਹਿਲੂ ਹਨ ? 1
19. ਪੰਚਾਇਤੀ ਰਾਜ ਕੀ ਹੈ ? 1
20. ਭਾਰਤੀ ਦਲ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ ਕੀ ਹੈ ? 1
21. ਜਾਤੀ ਹਿੰਸਾ ਤੋਂ ਕੀ ਭਾਵ ਹੈ ? 1
22. ਗ੍ਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਕੌਣ ਕਰਦਾ ਹੈ ? 1
23. ਭਾਰਤ ਦੇ ਆਪਣੇ ਗੁਆਂਢੀ ਦੇਸ਼ਾਂ ਦੇ ਪ੍ਰਤੀ ਕੀ ਨੀਤੀ ਹੈ ? 1
24. ਸੰਯੁਕਤ ਰਾਸ਼ਟਰ ਦੇ ਮਹਾਂ ਸਕੱਤਰ ਦਾ ਕੀ ਨਾਂ ਹੈ ? 1
25. ਸਾਰਕ (SAARC) ਦੇਸ਼ਾਂ ਵਿਚੋਂ ਕਿਹੜਾ ਦੇਸ਼ ਹੈ ਜਿਸ ਦੀਆਂ ਸੀਮਾਵਾਂ ਸਾਰੇ ਸਾਰਕ ਦੇਸ਼ਾਂ ਨਾਲ ਲੱਗਦੀਆਂ ਹਨ ? 1

**ਭਾਗ–ਅ** **ਅੰਕ : 45**

**ਨੋਟ :** (i) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ 15 ਪ੍ਰਸ਼ਨ ਕਰੋ।
(ii) ਹਰੇਕ ਪ੍ਰਸ਼ਨ ਦਾ ਉੱਤਰ 4–5 ਲਾਈਨਾਂ ਵਿਚ ਦਿਓ।
(iii) ਹਰੇਕ ਪ੍ਰਸ਼ਨ ਦੇ 3 ਅੰਕ ਹਨ।

1. ਉਦਾਰਵਾਦ ਦੇ ਵਿਰੁੱਧ ਤਿੰਨ ਦਲੀਲਾਂ ਦਿਓ। 3
2. ਮਜ਼ਦੂਰ ਵਰਗ ਦੀ ਤਾਨਾਸ਼ਾਹੀ ਦਾ ਕੀ ਅਰਥ ਹੈ ? 3
3. ਗਾਂਧੀ ਜੀ ਦੇ ਆਦਰਸ਼ ਰਾਜ (ਰਾਮ ਰਾਜ) ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ। 3
4. ਲੋਕਤੰਤਰ ਵਿਚ ਲੋਕ ਮਤ ਦਾ ਕੀ ਮਹੱਤਵ ਹੈ ? 3
5. ਲੋਕਤੰਤਰ ਵਿਚ ਰਾਜਨੀਤਿਕ ਦਲਾਂ ਦੀ ਕੀ ਮਹੱਤਤਾ ਹੈ ? 3
6. ਦਬਾਉ ਸਮੂਹਾਂ ਦੀਆਂ ਕੋਈ ਤਿੰਨ ਕਿਸਮਾਂ ਦਸੋ। 3
7. ਸੰਸਦੀ ਲੋਕਤੰਤਰੀ ਵਿਚ ਸਮੂਹਿਕ ਜ਼ਿੰਮੇਵਾਰੀ ਤੋਂ ਕੀ ਭਾਵ ਹੈ ? 3
8. ਭਾਰਤੀ ਲੋਕਤੰਤਰ 'ਤੇ ਸੰਪਰਦਾਇਕਤਾ ਦੇ ਪ੍ਰਭਾਵ ਨੂੰ ਲਿਖੋ। 3
9. ਸੰਪਰਦਾਇਕਤਾ ਕਿਸ ਨੂੰ ਕਹਿੰਦੇ ਹਨ ? 3
10. ਪੰਚਾਇਤੀ ਰਾਜ ਦੇ ਕੀ ਉਦੇਸ਼ ਹਨ ? 3
11. ਮੇਅਰ ਕੌਣ ਹੁੰਦਾ ਹੈ ? ਕਿਸੇ ਕਾਰਪੋਰੇਸ਼ਨ ਦੇ ਮੇਅਰ ਦੀ ਭੂਮਿਕਾ ਲਿਖੋ। 3
12. ਰਾਜਨੀਤਿਕ ਦਲਾਂ ਵਿਚ ਵਿਅਕਤੀ ਪੂਜਾ ਤੋਂ ਤੁਹਾਡਾ ਕੀ ਭਾਵ ਹੈ ? 3
13. ਭਾਰਤ ਵਿਚ ਰਾਜਨੀਤਿਕ ਦਲਾਂ ਲਈ ਅਗਵਾਈ ਦੀ ਸਮੱਸਿਆ ਕੀ ਹੈ ? 3
14. ਭਾਰਤ ਦੀ ਵਿਦੇਸ਼ ਨੀਤੀ ਦੀਆਂ ਤਿੰਨ ਵਿਸ਼ੇਸ਼ਤਾਵਾਂ ਲਿਖੋ। 3
15. ਭਾਰਤ ਦੀ ਪਰਮਾਣੂ ਨੀਤੀ ਕੀ ਹੈ ? 3
16. ਸੰਯੁਕਤ ਰਾਸ਼ਟਰ ਸੰਘ ਕੀ ਹੈ ? 3
17. ਵਿਸ਼ਵ ਸ਼ਾਂਤੀ ਦੀ ਸਥਾਪਨਾ ਵਿਚ ਭਾਰਤ ਦੀ ਸੰਯੁਕਤ ਰਾਸ਼ਟਰ ਵਿਚ ਕੀ ਭੂਮਿਕਾ ਹੈ ? 3
18. ਸਾਰਕ (SAARC) ਦੀ ਮਹੱਤਤਾ ਲਿਖੋ। 3

**ਭਾਗ–ੲ** **ਅੰਕ : 30**

**ਨੋਟ :** (i) ਸਾਰੇ ਪ੍ਰਸ਼ਨ ਜ਼ਰੂਰੀ ਹਨ।
(ii) ਹਰ ਇਕ ਪ੍ਰਸ਼ਨ ਦਾ ਉੱਤਰ 3–4 ਪੰਨਿਆਂ ਵਿਚ ਦਿਓ।
(iii) ਹਰੇਕ ਪ੍ਰਸ਼ਨ ਦੇ 10 ਅੰਕ ਹਨ।

1. ਮਹਾਤਮਾ ਗਾਂਧੀ ਜੀ ਦੇ ਰਾਜਨੀਤਿਕ ਵਿਚਾਰਾਂ ਦੀ ਸੰਖੇਪ ਵਿਚ ਵਿਆਖਿਆ ਕਰੋ।

ਜਾਂ

ਲੋਕਤੰਤਰ ਵਿਚ ਵਿਰੋਧੀ ਦਲ ਦੀ ਭੂਮਿਕਾ ਲਿਖੋ। 10

2. ਲੋਕਤੰਤਰ ਨੂੰ ਪ੍ਰਭਾਵਤ ਕਰਨ ਵਾਲੇ ਸਮਾਜਿਕ ਅਤੇ ਆਰਥਿਕ ਤੱਤਾਂ ਦਾ ਵਰਣਨ ਕਰੋ।

ਜਾਂ

ਭਾਰਤ ਵਿਚ ਪੰਚਾਇਤੀ ਰਾਜ ਪ੍ਰਣਾਲੀ ਦੀਆਂ ਉਪਲੱਬਧੀਆਂ/ਪ੍ਰਾਪਤੀਆਂ ਦਾ ਵਰਣਨ ਕਰੋ। 10

3. ਬਦਲਦੇ ਅੰਤਰਰਾਸ਼ਟਰੀ ਵਾਤਾਵਰਨ ਵਿਚ ਭਾਰਤ ਦੀ ਗੁੱਟ ਨਿਰਲੇਪਤਾ ਦੀ ਨੀਤੀ ਦੇ ਢੁੱਕਵੇਂਪਣ ਦੀ ਵਿਆਖਿਆ ਕਰੋ।

ਜਾਂ

ਸਾਰਕ ਦੀਆਂ ਮਹੱਤਵਪੂਰਨ ਗਤੀਵਿਧੀਆਂ ਕੀ ਰਹੀਆਂ ਹਨ ? ਉਹਨਾਂ ਵਿਚ ਭਾਰਤ ਦੀ ਭੂਮਿਕਾ ਹੈ ? 10